# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106, ਫੈਕਸ: 0172-2624687 ਈ-ਮੇਲssapunjab@yahoo.com


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)/(ਸੈ.ਸਿ)
ਪੰਜਾਬ

ਮੀਮੋ ਨੰ: ਡਿ.ਐਸ.ਪੀ.ਡੀ/ਆਰ.ਐਮ.ਐਸ.ਏ/2010/52962
ਮਿਤੀ: ਚੰਡੀਗੜ੍ਹ **16-08-10**

ਵਿਸ਼ਾ : **ਸਕੂਲਾਂ ਵਿੱਚ ਬੋਰਡ ਵੱਲੋਂ ਲਈਆਂ ਜਾ ਰਹੀਆਂ ਸਮੈਸਟਰ ਪ੍ਰੀਖਿਆਵਾਂ ਨੂੰ ਸੁਚਾਰੂ ਰੂਪ ਵਿੱਚ ਕਰਵਾਉਣ ਸੰਬੰਧੀ।**

1.0 ਉਪਰੋਕਤ ਵਿਸ਼ੇ ਸੰਬੰਧੀ ਧਿਆਨ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਹਮੇਸ਼ਾ ਤੋਂ ਪੰਜਾਬ ਭਰ ਵਿੱਚ ਵੱਖ-ਵੱਖ ਥਾਵਾਂ ਤੋਂ ਪ੍ਰੀਖਿਆ ਕੇਂਦਰਾਂ ਵਿੱਚ ਨਕਲ ਹੋਣ ਸੰਬੰਧੀ ਲਗਾਤਾਰ ਸ਼ਿਕਾਇਤਾਂ ਮਿਲਦੀਆਂ ਰਹੀਆਂ ਹਨ। ਬੋਰਡ ਪ੍ਰੀਖਿਆਵਾਂ ਦੇ ਸੰਚਾਲਣ ਦੌਰਾਨ ਕਈ ਤਰ੍ਹਾਂ ਦੇ ਅਣਉਚਿਤ ਸਾਧਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਨਾਲ ਜਿੱਥੇ ਸਿੱਖਿਆ ਵਿਭਾਗ ਦੀ ਬਦਨਾਮੀ ਹੁੰਦੀ ਹੈ ਉੱਥੇ ਵਿਦਿਆਰਥੀਆਂ ਦੇ ਭਵਿੱਖ ਨਾਲ ਵੀ ਖਿਲਵਾੜ ਕੀਤਾ ਜਾਂਦਾ ਹੈ। ਨਕਲ ਦੇ ਕੋਹੜ ਨੂੰ ਜੜੋਂ ਵੱਢਣ ਅਤੇ ਸਤੰਬਰ 2010 ਦੌਰਾਨ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ 10ਵੀਂ ਅਤੇ 12ਵੀਂ ਜਮਾਤ ਦੀਆਂ ਸਮੈਸਟਰ ਪ੍ਰੀਖਿਆਵਾਂ ਦੇ ਸੁਚਾਰੂ ਸੰਚਾਲਨ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ:-

1.1 ਡਿਊਟੀਆਂ ਕੇਵਲ ਵਧੀਆ ਅਕਸ ਵਾਲੇ ਇਮਾਨਦਾਰ ਅਤੇ ਨਿਸ਼ਠਾਵਾਨ ਅਧਿਆਪਕਾਂ ਦੀ ਹੀ ਲਗਾਈਆਂ ਜਾਣ।

1.2 ਪ੍ਰੀਖਿਆ ਲਈ ਵਾਰ-ਵਾਰ ਡਿਊਟੀ ਲਈ ਬੇਨਤੀ ਕਰਨ ਵਾਲੇ ਅਧਿਆਪਕਾਂ ਨੂੰ ਅਤੇ ਸੰਦੇਹਜਨਕ ਅਕਸ ਵਾਲੇ ਅਧਿਆਪਕਾਂ ਨੂੰ ਡਿਊਟੀ ਤੇ ਨਾ ਲਗਾਇਆ ਜਾਵੇ ਅਤੇ ਜੇਕਰ ਅਜਿਹਾ ਹੋ ਵੀ ਜਾਵੇ ਤਾਂ ਉਸ ਨੂੰ ਤੁਰੰਤ ਫਾਰਗ ਕੀਤਾ ਜਾਵੇ।

1.3 ਪ੍ਰੀਖਿਆ ਸੁਪਰਡੈਂਟਾਂ ਅਤੇ ਕੰਟਰੋਲਰਾਂ ਨੂੰ ਇਹ ਸਖਤ ਹਦਾਇਤ ਕੀਤੀ ਜਾਵੇ ਕਿ ਉਹ ਪ੍ਰੀਖਿਆ ਕੇਂਦਰਾਂ ਨੂੰ ਨਕਲ ਰਹਿਤ ਬਣਾਉਣ। ਜੇਕਰ ਪ੍ਰੀਖਿਆ ਦੌਰਾਨ ਕਿਸੇ ਕਿਸਮ ਦੀ ਨਕਲ ਜਾਂ ਪ੍ਰੀਖਿਆ ਸੰਬੰਧੀ ਕੋਈ ਕੁਤਾਹੀ ਵਰਤੀ ਜਾਂਦੀ ਹੈ ਤਾਂ ਇਸ ਵਿੱਚ ਪ੍ਰੀਖਿਆ ਕੰਟਰੋਲਰ ਅਤੇ ਸੁਪਰਡੈਂਟ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ।

1.4 ਪ੍ਰੀਖਿਆ ਦੇ ਦੌਰਾਨ ਕੋਈ ਵੀ ਅਧਿਆਪਕ (ਜਿਸ ਦੀ ਡਿਊਟੀ ਕੇਂਦਰ ਵਿੱਚ ਨਹੀਂ ਹੈ) ਜਾਂ ਹੋਰ ਵਿਅਕਤੀ ਪ੍ਰੀਖਿਆ ਕੇਂਦਰ ਦੇ ਨਜ਼ਦੀਕ ਨਹੀਂ ਜਾਵੇਗਾ। ਇਸ ਗੱਲ ਨੂੰ ਕੰਟਰੋਲਰ ਯਕੀਨੀ ਬਣਾਉਣਗੇ।

1.5 ਸਹਾਇਕ ਸੁਪਰਡੈਂਟ(ਕਲਰਕ) ਆਪਣੀ ਸੀਟ ਤੇ ਹੀ ਬੈਠੇਗਾ।ਇਸ ਤੋਂ ਇਲਾਵਾ ਉਹ ਪ੍ਰੀਖਿਆ ਕੇਂਦਰ ਦੇ ਕਿਸੇ ਕਮਰੇ ਵਿੱਚ ਨਹੀਂ ਜਾਵੇਗਾ।

1.6 ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਸੀਟਿੰਗ ਪਲਾਨ ਹਰ ਰੋਜ਼ ਸੁਪਰਡੈਂਟ ਖੁਦ ਬਣਾਵੇਗਾ ਅਤੇ ਬਾਹਰ ਨੋਟਿਸ ਬੋਰਡ ਤੇ ਲਗਵਾਉਣ ਦੀ ਜ਼ਿੰਮੇਵਾਰੀ ਵੀ ਉਸੇਦੀ ਹੋਵੇਗੀ।ਧਿਆਨ ਰੱਖਿਆ ਜਾਵੇ ਸੀਟਿੰਗ ਪਲਾਨ ਹਰ ਰੋਜ਼ ਬਦਲੀ ਜਾਵੇ।

1.7 ਸੁਪਰਵਾਈਜ਼ਰਾਂ ਦੀਆਂ ਡਿਊਟੀਆਂ ਲਗਾਉਂਦੇ ਸਮੇਂ ਸੁਪਰਡੈਂਟ ਧਿਆਨ ਰੱਖੇਗਾ ਕਿ ਉਹਨਾਂ ਵਿਦਿਆਰਥੀਆਂ ਤੇ ਹੀ ਉਸ ਦੀ ਡਿਊਟੀ ਬਾਰ-ਬਾਰ ਨਾ ਲਗਾਈ ਜਾਵੇ ਸਗੋਂ ਡਿਊਟੀਆਂ ਬਦਲਵੇਂ ਵਿਦਿਆਰਥੀਆਂ ਤੇ ਲਗਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ।

1.8 ਸੁਪਰਡੈਂਟ ਇਹ ਵੀ ਯਕੀਨੀ ਬਣਾਵੇਗਾ ਕਿ ਹਰੇਕ ਡਿਪਟੀ ਸੁਪਰਡੈਂਟ ਅਤੇ ਸੁਪਰਵਾਈਜ਼ਰ ਮੁਸਤੈਦੀ ਨਾਲ ਖੜ੍ਹ ਕੇ ਡਿਊਟੀ ਦੇ ਰਿਹਾ ਹੈ।

1.9 ਵਿਦਿਆਰਥੀਆਂ ਨੂੰ ਅੱਧੇ ਸਮੇਂ ਬਾਰੇ ਅਤੇ ਫਿਰ ਇੱਕ ਘੰਟਾ ਰਹਿ ਗਿਆ ਅਤੇ ਫਿਰ ਅੱਧਾ ਘੰਟਾ ਰਹਿ ਗਿਆ, ਬਾਰੇ ਸਮੇਂ-ਸਮੇਂ ਸਿਰ ਸੂਚਿਤ ਕੀਤਾ ਜਾਵੇ ਤਾਂ ਜੋ ਪ੍ਰੀਖਿਆਰਥੀ ਆਪਣੇ ਲਿਖਣ ਦੀ ਗਤੀ ਨੂੰ ਸਮੇਂ ਅਨੁਸਾਰ ਢਾਲ ਸਕਣ।

1.10 ਜੇਕਰ ਨਾ ਟਾਲਣਯੋਗ ਸਥਿਤੀ ਵਿੱਚ ਕਿਸੇ ਸੁਪਰਵਾਈਜ਼ਰ (ਨਿਗਰਾਨ) ਦਾ ਕੋਈ ਬਦਲਵਾਂ ਪ੍ਰਬੰਧ ਕਰਨ ਦੀ ਲੋੜ ਪੈਂਦੀ ਹੈ ਤਾਂ ਸੁਪਰਡੈਂਟ, ਕੰਟਰੋਲਰ ਦੀ ਸਹਾਇਤਾ ਨਾਲ ਜਿਲ੍ਹਾ ਸੱਖਿਆ ਅਫਸਰ(ਸੈ.ਸਿ) ਦੀ ਪ੍ਰਵਾਨਗੀ ਨਾਲ ਇਹ ਬਦਲਵਾਂ ਪ੍ਰਬੰਧ ਕਰੇਗਾ। ਐਮਰਜੈਂਸੀ ਵਿੱਚ ਕਾਰਜ ਬਾਅਦ ਪ੍ਰਵਾਨਗੀ ਜ਼ਰੂਰ ਲਈ ਜਾਵੇ।

1.11 ਜਿਸ ਵਿਸ਼ੇ ਦੀ ਪ੍ਰੀਖਿਆ ਹੋਵੇ ਤਾਂ ਉਸ ਵਿਸ਼ੇ ਦੇ ਅਧਿਆਪਕ ਨੂੰ ਨਿਗਰਾਨ ਵਜੋਂ ਨਿਯੁਕਤ ਨਾ ਕੀਤਾ ਜਾਵੇ।

1.12 ਇਹ ਯਕੀਨੀ ਬਣਾਇਆ ਜਾਵੇ ਕਿ ਪ੍ਰੀਖਿਆ ਕੇਂਦਰਾਂ ਵਿੱਚ ਨਿਗਰਾਨ ਅਮਲੇ ਅਤੇ ਪ੍ਰੀਖਿਆਰਥੀਆਂ ਕੋਲ ਮੋਬਾਇਲ ਨਾ ਹੋਵੇ। ਜਿਹੜੇ ਪ੍ਰੀਖਿਆ ਕੇਂਦਰ ਵੱਡੇ ਹਨ ਅਤੇ ਜਿੱਥੇ ਕਿਸੇ ਗੜਬੜ ਦੀ ਕੋਈ ਸੰਭਾਵਨਾ ਹੋਵੇ, ਉੱਥੇ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਨਿੱਜੀ ਪੱਧਰ ਤੇ ਅਬਜਰਵਰਾਂ ਦੀ ਨਿਯੁਕਤੀ ਕਰੇ।

1.13 ਜੇਕਰ ਪ੍ਰੀਖਿਆ ਤੋਂ ਪਹਿਲਾਂ ਜਾਂ ਬਾਅਦ ਵਿੱਚ ਨਿਗਰਾਨ ਅਮਲੇ ਦਾ ਵਿਦਿਆਰਥੀਆਂ ਨਾਲ ਜਾਂ ਉਹਨਾਂ ਦੇ ਮਾਪਿਆਂ ਨਾਲ ਸੰਦੇਹਜਨਕ ਮੇਲ-ਮਿਲਾਪ ਸਿੱਧ ਹੁੰਦਾ ਹੈ ਤਾਂ ਉਹਨਾਂ ਵਿਰੁੱਧ ਸਖਤ ਕਾਰਵਾਈ ਕਰਨੀਯਕੀਨੀ ਬਣਾਈ ਜਾਵੇ।

1.14 ਜ਼ਿਲ੍ਹੇ ਵਿੱਚ ਨਕਲ ਰਹਿਤ ਪ੍ਰੀਖਿਆ ਕੇਂਦਰ ਬਣਾਉਣਾ ਅਤੇ ਸੁਚਾਰੂ ਰੂਪ ਵਿੱਚ ਪ੍ਰੀਖਿਆ ਦਾ ਸੰਚਾਲਨ ਕਰਨ ਦੀ ਪੂਰੀ ਜਿੰਮੇਵਾਰੀ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਦੀ ਹੋਵੇਗੀ। ਕਿਸੇ ਵੀ ਕੁਤਾਹੀ ਦੀ ਸੂਰਤ ਵਿੱਚ ਉਹ ਨਿੱਜੀ ਰੂਪ ਵਿੱਚ ਜਿੰਮੇਵਾਰ ਹੋਣਗੇ।

1.15 ਕਿਸੇ ਵੀ ਤਰ੍ਹਾਂ ਦੀ ਕੋਈ ਸਹਾਇਕ ਸਮੱਗਰੀ ਪ੍ਰੀਖਿਆ ਕੇਂਦਰ ਦੇ ਵਿੱਚ ਜਾਂ ਨਜ਼ਦੀਕ ਨਹੀਂ ਹੋਣੀ ਚਾਹੀਦੀ। ਸੁਪਰਡੈਂਟ ਅਤੇ ਕੰਟਰੋਲਰ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਉਹਨਾਂ ਵੱਲੋਂ ਵਿਦਿਆਰਥੀਆਂ ਦੇ ਪਖਾਨੇ ਵਗੈਰਾ ਵੀ ਦੇਖ ਲਏ ਗਏ ਹਨ ਇਹਨਾਂ ਵਿੱਚ ਪ੍ਰੀਖਿਆ ਸੰਬੰਧੀ ਕੋਈ ਪਰਚੀ, ਗਾਇਡ ਆਦਿ ਨਹੀਂ ਹੈ।

1.16 ਪ੍ਰੀਖਿਆ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਸੰਬੰਧੀ ਕੰਟਰੋਲਰ, ਸੁਪਰਡੈਂਟ ਪ੍ਰੀਖਿਆ ਕੇਂਦਰ ਦੇ ਦੁਆਲੇ ਧਾਰਾ 144 ਲਗਾਏਗਾ।

1.17 ਪ੍ਰੀਖਿਆ ਕੰਟਰੋਲਰ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਪ੍ਰੀਖਿਆ ਦੇਣ ਆਏ ਬੱਚਿਆਂ ਦੇ ਮਾਪੇ ਪ੍ਰੀਖਿਆ ਦੇ ਕੇਂਦਰ ਨਜ਼ਦੀਕ ਜਾਂ ਸਕੂਲ ਅੰਦਰ ਨਹੀਂ ਬੈਠਣਗੇ।

1.18 ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਵਿਦਿਆਰਥੀਆਂ ਦੀ ਤਲਾਸ਼ੀ ਜ਼ਰੂਰ ਲਈ ਜਾਵੇ। ਤਲਾਸ਼ੀ ਲੈਣ ਤੋਂ ਬਾਅਦ ਜੇਕਰ ਕਿਸੇ ਵਿਦਿਆਰਥੀ ਕੋਲ ਕੋਈ ਇਤਰਾਜ਼ਯੋਗ ਸਮੱਗਰੀ ਫੜੀ ਜਾਂਦੀ ਹੈ ਤਾਂ ਵਿਦਿਆਰਥੀ ਤੇ ਕੇਸ ਬਣਾਉਣ ਦੇ ਨਾਲ-ਨਾਲ ਨਿਗਰਾਨ ਅਮਲੇ ਅਤੇ ਸੁਪਰਡੈਂਟ ਤੇ ਵੀ ਵਿਭਾਗੀ ਕਾਰਵਾਈ ਕੀਤੀ ਜਾਵੇ।

1.19 ਨਿਰੋਲ ਕੁੜੀਆਂ ਦੇ ਕਮਰੇ ਵਿੱਚ ਸਿਰਫ ਔਰਤ ਅਧਿਆਪਕਾਂ ਦੀ ਹੀ ਡਿਊਟੀ ਲਗਾਈ ਜਾਵੇ।

ਉਪਰੋਕਤ ਤੋਂ ਇਲਾਵਾ ਪ੍ਰੀਖਿਆ ਕੇਂਦਰ ਵਿੱਚ ਲੋੜੀਂਦੇ ਪ੍ਰਬੰਧ ਜਿਵੇਂ ਪਾਣੀ, ਬਿਜਲੀ, ਬੈਠਣ ਦਾ ਸੁਖਾਵਾਂ ਪ੍ਰਬੰਧ ਆਦਿ ਲਈ ਕੰਟਰੋਲਰ ਜ਼ਿੰਮੇਵਾਰ ਹੋਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ: ਡਿ.ਐਸ.ਪੀ.ਡੀ/ਆਰ.ਐਮ.ਐਸ.ਏ/2010/ ਉਕਤ ਮਿਤੀ, ਚੰਡੀਗੜ੍ਹ: 16-08-10

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

ਪੰਜਾਬ ਰਾਜ ਦੇ ਸਾਰੇ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ